**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ/ਆਈ.ਟੀ/18/ 250 ਅਤਿ ਜਰੂਰੀ/ਸਮਾਂਬੱਧ ਮਿਤੀ:-24-1-2018

25.1.18

ਵੱਲ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ:- ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸੈਸ਼ਨ ਅਗਸਤ 2017 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ (ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ.) ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੇ ਰਜਿਸਟਰੇਸ਼ਨ ਫਾਰਮ ਭਰਨ ਸਬੰਧੀ।**

**ਹਵਾਲਾ:-ਬੋਰਡ ਦਫਤਰ ਦੇ ਪੱਤਰ ਨੰ:- 2981 ਮਿਤੀ:-17-11-2017 ਦੀ ਲਗਾਤਾਰਤਾ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਸੈਸ਼ਨ ਅਗਸਤ 2017 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਡਾਇਰੈਕਟੋਰੇਟ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਆਨ-ਲਾਈਨ ਦਾਖਲਾ ਕੀਤਾ ਗਿਆ ਸੀ, ਜਿਸ ਦੀ ਰਜਿਸਟ੍ਰੇਸ਼ਨ ਫੀਸ ਸੰਸਥਾਵਾਂ ਵੱਲੋਂ ਹਵਾਲਾ ਅਧੀਨ ਪੱਤਰ ਅਨੁਸਾਰ ਬੈਂਕਾਂ ਵਿੱਚ ਜਮ੍ਹਾਂ ਕਰਵਾਈ ਜਾ ਚੁੱਕੀ ਹੈ। ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟਰੇਸ਼ਨ ਫਾਰਮ ਬੋਰਡ ਦਫਤਰ ਵਿਖੇ ਉਪਲੱਬਧ ਹਨ ਅਤੇ ਸੰਸਥਾਵਾਂ ਦੁਆਰਾ ਬੋਰਡ ਦਫਤਰ ਦੇ ਸਟੋਰ ਤੋਂ ਪ੍ਰਾਪਤ ਕਰ ਲਏ ਜਾਣ ਅਤੇ ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਫਾਰਮ ਸੰਸਥਾਵਾਂ ਸਬੰਧਤ ਵਿਦਿਆਰਥੀਆਂ ਤੋਂ ਭਰਵਾ ਕੇ ਬੋਰਡ ਦਫਤਰ ਵਿਖੇ ਸਬੰਧਤ ਜਿਲੇ ਦੇ ਸੂਚਨਾ ਸਹਾਇਕ ਕੋਲ ਜਮਾਂ ਕਰਵਾਉਣਗੇ। ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਸੰਸਥਾਵਾਂ ਨੂੰ ਬੈਂਕਾਂ ਵਿੱਚ ਭਰੀ ਗਈ ਰਜਿਸਟਰੇਸ਼ਨ ਫੀਸ ਅਨੁਸਾਰ ਫਾਰਮ ਜਾਰੀ ਕੀਤੇ ਜਾਣਗੇ। ਇਸ ਲਈ ਸੰਸਥਾਵਾਂ ਭਰੀ ਗਈ ਫੀਸ ਦੀ ਪ੍ਰਿੰਸੀਪਲ ਦੁਆਰਾ ਤਸਦੀਕਸ਼ੁਦਾ ਰਸੀਦ ਦੀ ਕਾਪੀ ਬੋਰਡ ਦਫਤਰ ਵਿਖੇ ਲੈ ਕੇ ਆਉਣਾ ਯਕੀਨੀ ਬਣਾਉਣ ਤਾਂ ਜੋ ਉਸ ਅਨੁਸਾਰ ਰਜਿਸਟਰੇਸ਼ਨ ਫਾਰਮ ਜਾਰੀ ਕੀਤੇ ਜਾ ਸਕਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

25.1.18

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ.)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਵਿੱਤ ਅਤੇ ਲੇਖਾ ਸ਼ਾਖਾ
4. ਐਡਮਨ ਸੈਕਸ਼ਨ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾਸਤੇ ਸਕੱਤਰ